# Chapter – Integers ( Class -7th )

Q1) The sum of two integers is -5.If one of them is -3, then the other integer is:
ਦੋ ਪੂਰਨ ਅੰਕਾਂ ਦਾ ਜੋੜ −5 ਹੈ। ਜੇ ਉਨ੍ਹਾਂ ਵਿੱਚੋਂ ਇਕ – 3 ਹੈ, ਤਾਂ ਦੂਜਾ ਸੰਪੂਰਨ ਅੰਕ ਹੈ:
a) 2 b) -2 c) -7 d) 7

Q3) Natural numbers, zero and their –ves together constitute________.
ਪ੍ਰਾਕ੍ਰਿਤਕ ਸੰਖਿਆਵਾਂ, ਜ਼ੀਰੋ ਅਤੇ ਉਨ੍ਹਾਂ ਦੇ ਰਿਣਾਤਮਕ ਮਿਲਕੇ _____ ਬਣਾਉਂਦੇ ਹਨ.
(a) Fraction b) Whole number
(c) Real number d) Integers

Q4) Division of two numbers is zero .If one of the number is -567 then find the other one.
ਦੋ ਸੰਖਿਆਵਾਂ ਦਾ ਭਾਗਫਲ ਜ਼ੀਰੋ ਹੈ।ਜੇਕਰ ਸੰਖਿਆਵਾਂ ਵਿੱਚੋਂ ਇੱਕ −567 ਹੈ ਤਾਂ ਦੂਜੀ ਸੰਖਿਆ ਪਤਾ ਕਰੋ।
a) -567 b) -1 c) +1 d) 0

Q6) The sum of two integers is always a/an ______.
ਦੋ ਸੰਪੂਰਨ ਸੰਖਿਆਵਾਂ ਦਾ ਜੋੜ ਹਮੇਸ਼ਾ ਇੱਕ __________ ਸੰਖਿਆ ਹੁੰਦੀ ਹੈ।
(a) Integer (ਸੰਪੂਰਨ ਸੰਖਿਆ)
(b) Whole number (ਪੂਰਨ ਸੰਖਿਆ) (c) Fraction (ਭਿੰਨ)
(d) Natural number (ਪ੍ਰਾਕ੍ਰਿਤਕ ਸੰਖਿਆ)

Q7) Product of two numbers is -5. If one of them is 1 then what will be the other number?
ਦੋ ਸੰਖਿਆਵਾਂ ਦਾ ਗੁਣਨਫਲ −5 ਹੈ, ਜੇ ਉਨ੍ਹਾਂ ਵਿਚੋਂ ਇੱਕ 1 ਹੈ, ਤਾਂ ਦੂਜਾ ਕੀ ਹੋਵੇਗਾ?
a) -5 b) 5 c) 1 d) -1

Q9) Additive identity for integer is______.
ਸੰਪੂਰਨ ਸੰਖਿਆਵਾਂ ਲਈ ਜੋੜਾਤਮਕ ਤਤਸਮਕ ___ ਹੈ।
a) 0 b) 1 c) -1 d) 2

Q11) Which of the following number when divided by -6 gives 12?
ਕਿਹੜੀ ਸੰਖਿਆ ਨੂੰ ਜਦੋਂ −6 ਨਾਲ ਵੰਡਿਆ ਜਾਂਦਾ ਹੈ ਤਾਂ 12 ਪ੍ਰਾਪਤ ਹੁੰਦਾ ਹੈ?
a) -18 b) 72 c) -72 d) 84

Q12) Additive inverse of -2 is________.
−2 ਦਾ ਜੋੜਾਤਮਕ ਉਲਟ _________ਹੈ।
a) 1 b) 2 c) -1 d) -2

Q14) According to Distributive law (ਵੰਡਕਾਰੀ ਨਿਯਮ ਅਨੁਸਾਰ) ax(b+c)=_________
a) axb-axc b) axbxc+c c) axb+bxc d) axb+axc

Q16) What you will get when a number x is added to its additive inverse?
ਇਕ ਨੰਬਰ x ਨੂੰ ਉਸ ਦੇ ਜੋੜਾਤਮਕ ਉਲਟ ਵਿਚ ਜੋੜਨ ਤੇ ਕੀ ਪ੍ਰਾਪਤ ਹੁੰਦਾ ਹੈ?
a) x b) -x c) 2x d) 0

Q18) The set of integers is not closed under _______.
ਸੰਪੂਰਨ ਸੰਖਿਆਵਾਂ ਦਾ ਸੈੱਟ _________ ਅਧੀਨ ਬੰਦ ਨਹੀਂ ਹੁੰਦੀਆਂ?
a) addition (ਜੋੜ) b)subtraction (ਘਟਾਉ) c)multiplication (ਗੁਣਾ) d) division (ਭਾਗ)

Q19) Ram multiplied two numbers and got -4 as the product .Then he subtracted the second number from the first and got 5. Find the numbers.
ਰਾਮ ਨੂੰ ਦੋ ਸੰਖਿਆਵਾਂ ਦੀ ਗੁਣਾ ਕਰਕੇ −4 ਪ੍ਰਾਪਤ ਹੁੰਦਾ ਹੈ ਤੇ ਫਿਰ ਉਸਨੇ ਪਹਿਲੀ ਸੰਖਿਆ ਵਿੱਚੋਂ ਦੂਜੀ ਸੰਖਿਆ ਨੂੰ ਘਟਾ ਦਿੱਤਾ ਅਤੇ 5 ਪ੍ਰਾਪਤ ਕੀਤਾ । ਦੋਵੇਂ ਸੰਖਿਆਵਾਂ ਪਤਾ ਕਰੋ।
a) 2,-3 b) -1,4 c) 1,-4 d) 5,-1

Q20) In a quiz team A scored 40, -10, 0 marks and team B scored 10,0,-40 marks in three successive rounds. Which team scored more?
ਇੱਕ ਕੁਇਜ਼ ਵਿਚ ਟੀਮ A ਨੇ 40,−10,0 ਅੰਕ ਅਤੇ ਟੀਮ B ਨੂੰ 10,0, −40 ਅੰਕ ਲਗਾਤਾਰ ਤਿੰਨ ਦੌਰਾਂ ਵਿਚ ਬਣਾਏ|ਕਿਸ ਟੀਮ ਨੇ ਵਧੇਰੇ ਸਕੋਰ ਬਣਾਏ ?

a) A b) B c) Both have same scores. d) none of these

**Short questions ( 2 Marks)**

Q1 Find the value of :

ਮੁੱਲ ਪਤਾ ਕਰੋ:

0-1+2-3+4-5+6-7+8-................+16-17+18-19+20

Q2 . Use number line to find the value of -7 x 2.

ਸੰਖਿਆ ਰੇਖਾ ਦੀ ਵਰਤੋਂ ਕਰਕੇ −7 x 2 ਦਾ ਮੁੱਲ ਪਤਾ ਕਰੋ।

Q3 . For all non zero integers a and b , a x b is always greater than either a or b.( True/false)

ਦੋ ਗੈਰ ਸਿਫਰ ਸੰਪੂਰਨ ਸੰਖਿਆਵਾਂ a ਅਤੇ b ਲਈ, a x b ਦਾ ਮੁੱਲ ਹਮੇਸ਼ਾ a ਜਾਂ b ਤੋਂ ਵੱਡਾ ਹੁੰਦਾ ਹੈ।( ਸੱਚ/ਝੂਠ)

Q4. Product of three integers is -600. If two of them are -15 and 10 then third integer will be?

ਤਿੰਨ ਸੰਪੂਰਨ ਸੰਖਿਆਵਾਂ ਦਾ ਗੁਣਨਫਲ −600 ਹੈ| ਜੇ ਉਨ੍ਹਾਂ ਵਿੱਚੋਂ ਦੋ −15 ਅਤੇ 10 ਹਨ ਤਾਂ ਤੀਜਾ ਸੰਪੂਰਨ ਅੰਕ ਹੋਵੇਗਾ?

Q5 . Reena climbs up 5 stairs every second and then steps down two stairs over the next second. How many second will she take to climb sixty stairs?

ਰੀਨਾ ਹਰ ਸਕਿੰਟ ਵਿੱਚ 5 ਪੌੜੀਆਂ ਚੜ੍ਹਦੀ ਹੈ ਅਤੇ ਫਿਰ ਅਗਲੇ ਸੈਕਿੰਡ ਤੋਂ ਦੋ ਪੌੜੀਆਂ ਉੱਤਰ ਜਾਂਦੀ ਹੈ. ਉਹ ਸੱਠ ਪੌੜੀਆਂ ਚੜ੍ਹਨ ਲਈ ਕਿੰਨੇ ਸਕਿੰਟ ਲਵੇਗੀ?

Q6. Fill in the blank with <, > or =

ਖਾਲੀ ਬਾਕਸ ਵਿੱਚ <, > ਜਾਂ = ਭਰੋ

-2x(-1)x4x2x(-3) ☐ (-2)+(-1)+4+2-(-3)

## Triangle and its properties (ਤ੍ਰਿਭੁਜ ਅਤੇ ਉਸਦੇ ਗੁਣ)

Q1. In a right angled triangle the angles other than the right angle are of the type ?

(a) Obtuse (b) Right (c) Acute (d) Straight

Q1.ਕਿਸੇ ਸਮਕੋਣ ਤ੍ਰਿਭੁਜ ਵਿੱਚ ਸਮਕੋਣ ਤੋਂ ਇਲਾਵਾ ਬਾਕੀ ਕੋਣ ਕਿਸ ਪ੍ਰਕਾਰ ਦੇ ਹੁੰਦੇ ਹਨ?

(a) ਅਧਿਕ ਕੋਣ (b) ਸਮਕੋਣ (c) ਨਿਉਨ ਕੋਣ (d)ਸਿੱਧਾ ਕੋਣ

Q2.In an isosceles triangle, one angle is $70^0$ . The other two angle are of measure?

Q2.ਇਕ ਸਮਦੋਭੁਜੀ ਤ੍ਰਿਭੁਜ ਵਿੱਚ ,ਜਿਸਦਾ ਇੱਕ ਕੋਣ $70^0$ ਹੈ, ਬਾਕੀ ਦੋ ਕੋਣਾਂ ਦਾ ਮਾਪ ਕੀ ਹੋਵੇਗਾ?

(a) $55^0$ and $55^0$ (b) $70^0$ and $50^0$ (c) $65^0$ and $65^0$ (d) ਇਨ੍ਹਾਂ ਵਿੱਚੋ ਕੋਈ ਨਹੀਂ (None of these)

Q3.If lengths of sides of a triangle are 6cm, 8cm and 10cm, then the triangle is ?

(a) obtuse angled triangle (b) Acute angled triangle (c) Right angled triangle (d) isosceles triangle

Q3.ਕਿਸੇ ਤ੍ਰਿਭੁਜ ਦੀਆਂ ਭੁਜਾਵਾ 6ਸਮ, 8ਸਮ, 10ਸਮ ਹਨ ਤਾਂ ਤ੍ਰਿਭੁਜ ਕਿਸ ਕਿਸਮ ਦੀ ਹੋਵੇਗੀ?

(a) ਅਧਿਕ ਕੋਣੀ ਤਿਕੋਣ (b) ਨਿਊਨ ਕੋਣੀ ਤਿਕੋਣ (c) ਸਮਕੋਣੀ ਤਿਕੋਣ (d) ਸਮਦੋਭੁਜੀ ਤਿਕੋਣ

Q4. If one angle of a triangle is equal to the sum of the other two angles, then the type of triangle is:

(a) Obtuse angled triangle (b) Acute angled triangle (c) Right angled triangle (d) Equilateral triangle

Q4. ਜੇਕਰ ਤ੍ਰਿਭੁਜ ਦਾ ਇੱਕ ਕੋਣ ਬਾਕੀ ਦੋ ਕੋਣਾਂ ਦੇ ਜੋੜ ਦੇ ਬਰਾਬਰ ਹੁੰਦਾ ਹੈ ,ਤਾਂ ਇਹ ਕਿਸ ਕਿਸਮ ਦੀ ਤਿਕੋਣ ਹੋਵੇਗੀ:


(a) ਅੱਧਿਕ ਕੋਣੀ ਤਿਕੋਣ (b) ਨਿਊਨ ਕੋਣੀ ਤਿਕੋਣ

(c) ਸਮਕੋਣੀ ਤਿਕੋਣ (d) ਸਮਭੁਜੀ ਤਿਕੋਣ

Q5.In the given figure ,the sum of angles is:

ਦਿੱਤੇ ਹੋਏ ਚਿੱਤਰ ਵਿੱਚ ਕੋਣਾਂ ਦਾ ਜੋੜ:

$\angle A + \angle B + \angle C + \angle D + \angle E + \angle F$





(a) $190^0$ (b) $540^0$

(c) $360^0$ (d) $180^0$

6.If in the Δ ABC, AD is the bisector of $\angle A$ meeting BC at D, CF⊥ AB and E is mid point of AC, then median of the triangle is:

(a) AD (b) BE ( c) FC (d) DE

Q6.ΔABC ਵਿੱਚ AD , ∠A ਦਾ ਸਮਦੁਭਾਜਕ ਹੈ,ਜੋ BCਨੂੰ ਬਿੰਦੂ D ਤੇ ਮਿਲਦਾ ਹੈ, CF⊥ AB ਅਤੇ ਬਿੰਦੂ E, AC ਦਾ ਮੱਧ ਬਿੰਦੂ ਹੈ, ਤਾਂ ਤ੍ਰਿਭੁਜ ਦੀ ਮਧਿੱਕਾ ਹੋਵੇਗੀ:




(a) AD (b) BE ( c) FC (d) DE

Q7.Which of the following triplets cannot be the angles of a triangle ?

Q7. ਇਹਨਾਂ ਵਿੱਚੋ ਕਿਹੜੇ ਤ੍ਰਿਗੁੱਟ ਤ੍ਰਿਭੁਜ ਦੇ ਕੋਣ ਨਹੀਂ ਹੋ ਸਕਦੇ।

(a) $61^0$ ,$57^0$ ,$62^0$ (b) $70^0$ ,$83^0$ ,$27^0$

(c) $90^0$ ,$70^0$ ,$20^0$ (d) $40^0$ ,$132^0$ , $18^0$

Q8.Which of the following can be the length of the third side of a triangle whose two sides are of measure 18cm and 14 cm .

Q8.ਇਹਨਾਂ ਵਿੱਚੋ ਕਿਹੜੀ ਤ੍ਰਿਭੁਜ ਦੀ ਤੀਸਰੀ ਭੁਜਾ ਹੋ ਸਕਦੀ ਹੈ,ਜਿਸ ਦੀਆਂ ਦੋ ਭੁਜਾਵਾ ਦੀ ਲੰਬਾਈ 18ਸਮ ਅਤੇ 14ਸਮ ਹੈ।

(a) 4cm (b) 3cm (c) 32cm (d) 5 cm

Q9.In a right angled triangle ABC if $\angle B = 90^0$ ,then which of the following is true:

Q9. ਇੱਕ ਸਮਕੋਣੀ ਤ੍ਰਿਭੁਜ ਵਿੱਚ $\angle B = 90^0$ ਹੋਵੇ ਤਾਂ ਇਹਨਾਂ ਵਿੱਚੋਂ ਕਿਹੜਾ ਸਹੀ ਹੈ:

(a) $AB^2 = BC^2 + AC^2$ (b) $AC^2 = AB^2 + BC^2$

(c)$AB^2 = BC^2 – AC^2$ (d) $BC^2 = AB^2 + AC^2$


Q10.Every triangle has atleast ….. acute angles .

Q10.ਹਰੇਕ ਤ੍ਰਿਭੁਜ ਵਿੱਚ ਘੱਟੋ ਘਟ …ਨਿਊਨ ਕੋਣ ਹੁੰਦੇ ਹਨ ।

(a) 2 (b) 1 (c) 3 (d) ਇਨ੍ਹਾਂ ਵਿੱਚੋ ਕੋਈ ਨਹੀਂ

Q11.In the given figure in ΔPQR , PQ = PR then the measure of $\angle Q$ and $\angle R$ is:

Q11. ਦਿੱਤੇ ਚਿੱਤਰ ਵਿੱਚ ΔPQR ਵਿੱਚ PQ = PR ਤਾਂ ∠Q ਅਤੇ ∠R ਦਾ ਮਾਪ ਪਤਾ ਕਰੋ ।




(a) $50^0$ , $50^0$ (b) $75^0$ , $75^0$ (c) $75^0$ , $50^0$ ( d) $150^0$ , $150^0$


Q12.How many altitudes are there in a triangle?

Q12.ਕਿਸੇ ਤ੍ਰਿਭੁਜ ਦੇ ਕਿੰਨੇ ਸਿਖਰ ਲੰਬ ਹੁੰਦੇ ਹਨ?

(a) 1 (b) 3 (c) 6 (d) 9

Q13.The sides of a triangle have lengths (in cm) 10 , 6.5 and a, where a is a whole number, the minimum value that a can have:

Q13.ਕਿਸੇ ਤ੍ਰਿਭੁਜ ਦੀਆਂ ਭੁਜਾਵਾ (ਸੈਂਟੀਮੀਟਰਾ ਵਿੱਚ ) 10, 6.5, a ਹੈ, ਇੱਥੇ a ਇੱਕ ਪੂਰਨ ਸੰਖਿਆ ਹੈ ਤਾਂ a ਦਾ ਘੱਟੋ ਘੱਟ ਮੁੱਲ ਕੀ ਹੋਵੇਗਾ?





Q14. In the given figure BC = CA and $\angle A = 40^0$ then $\angle ACD$ is equal to:

Q14. ਦਿੱਤੇ ਹੋਏ ਚਿੱਤਰ ਵਿੱਚ BC = CA ਤੇ $\angle A = 40^0$ ਤਾਂ ∠ACD ਬਰਾਬਰ ਹੈ:

(a) $40^0$ (b) $80^0$ (c) $120^0$ (d) $60^0$

Q15.In the figure AB||CD. Which one is true ?



Q15.ਦਿੱਤੇ ਚਿੱਤਰ ਵਿੱਚ AB||CD ਇਨ੍ਹਾਂ ਵਿੱਚੋਂ ਕਿਹੜਾ ਕਥਨ ਸਹੀ ਹੈ।

(a) $\angle 2 = \angle 3$ b) $\angle 1 = \angle 4$

(c) $\angle 4 = \angle 1 + \angle 2$ (d) $\angle 1 + \angle 2 = \angle 3 + \angle 4$

2 marks

Q1.I have three sides one of my angle measures $15^0$ another has a measure $60^0$. What kind of a polygon am I ? If I am a triangle then what kind of triangle am I ?


Q1.ਮੇਰੀ ਤਿੰਨ ਭੁਜਾਵਾਂ ਹਨ।ਮੇਰਾ ਇੱਕ ਕੋਣ $15^0$ ਤੇ ਦੁਜਾ ਕੋਣ $60^0$ ਹੈ।ਮੈਂ ਕਿਸ ਤਰ੍ਹਾਂ ਦੀ ਬਹੁਭੁਜ ਹਾਂ? ਜੇ ਮੈਂ ਤ੍ਰਿਭੁਜ ਹਾਂ ਤਾਂ ਕਿਸ ਕਿਸਮ ਦੀ ਤ੍ਰਿਭੁਜ ਹਾਂ ?

Q2. Jiya walks 6 km east and then 8 km due north how far is she from strating place .

Q2.ਜੀਆ 6 ਕਿ.ਮੀ. ਪੂਰਵ ਵਲ ਤੇ 8 ਕਿ.ਮੀ. ਉੱਤਰ ਦਿਸ਼ਾ ਵੱਲ ਜਾਂਦੀ ਹੈ ਤਾਂ ਉਹ ਆਪਣੇ ਆਰੰਭਿਕ ਬਿੰਦੂ ਤੋ ਕਿੰਨੀ ਦੂਰੀ ਤੇ ਹੈ?

Q3. In the given figure find the values of x and y.

Q3. ਦਿੱਤੇ ਹੋਏ ਚਿੱਤਰ ਵਿੱਚ x ਅਤੇ y ਦਾ ਮੁੱਲ ਪਤਾ ਕਰੋ।




Q4. In $\Delta PQR$ if $\angle P = 60^0$ , $\angle Q = 40^0$ then find exterior angle formed by producing QR.

Q4. $\Delta PQR$ ਵਿੱਚ $\angle P = 60^0$ ਅਤੇ $\angle Q = 40^0$ ਹੈ। ਭੁਜਾ QR ਨੂੰ ਵਧਾਉਣ ਨਾਲ ਬਣੇ ਬਾਹਰੀ ਕੋਣ ਦਾ ਮਾਪ ਪਤਾ ਕਰੋ।

Q5.In $\Delta XYZ$ ,the measure of $\angle X$ is $30^0$ greater then the measure of $\angle Y$ and $\angle Z$ is right angle. Find the measure of $\angle Y$.

Q5.$\Delta XYZ$ ਵਿੱਚ $\angle X$ ਦਾ ਮਾਪ $\angle Y$ ਤੋਂ $30^0$ ਵੱਧ ਹੈ।$\angle Z$ ਇੱਕ ਸਮਕੋਣ ਹੈ।$\angle Y$ ਦਾ ਮਾਪ ਪਤਾ ਕਰੋ।


Q6. The length of two sides of an isosceles triangle are 9cm and 20cm .What is perimeter of the triangle? Give reason.

Q6.ਕਿਸੇ ਸਮਦੋਭੁਜੀ ਤ੍ਰਿਭੁਜ ਦੀ ਦੋ ਭੁਜਾਵਾਂ ਦਾ ਮਾਪ 9ਸਮ ਅਤੇ 20ਸਮ ਹੈ।ਇਸ ਤ੍ਰਿਭੁਜ ਦਾ ਪਰਿਮਾਪ ਕਿੰਨਾ ਹੋਵੇਗਾ? ਕਾਰਨ ਦੱਸੋ।

Q7.For the given figure write suitable sign < , > or = in given blanks .

Q7.ਦਿੱਤੇ ਹੋਏ ਚਿੱਤਰ ਤੋਂ ਖਾਲੀ ਥਾਵਾਂ ਵਿੱਚ ਢੁੱਕਵੇ ਨਿਸ਼ਾਨ < , > ਜਾਂ = ਭਰੋ ।

(1)DE …….. EF +DF (2.) EF – DE ……..DF




Q8.Is it possible to have a triangle with two obtuse angles ? Give reason.

Q8. ਕਿ ਕਿਸੇ ਤ੍ਰਿਭੁਜ ਵਿੱਚ ਦੋ ਅਧਿਕ ਕੋਣ ਹੋ ਸਕਦੇ ਹਨ? ਖਾਰਨ ਦਸੋ।

Q9.In the given figure find the value of x .

Q9.ਦਿੱਤੇ ਚਿੱਤਰ ਵਿੱਚ x ਦਾ ਮੁੱਲ ਪਤਾ ਕਰੋ।




Q10.Each of the two equal angles of an isosceles triangle is four times the third angle. Find the angles of triangle .

Q10.ਇੱਕ ਸਮਦੋਭੁਜੀ ਤ੍ਰਿਭੁਜ ਵਿੱਚ ਦੇ ਬਰਾਬਰ ਕੋਣ ਤੀਜੇ ਕੋਣ ਦੇ ਚਾਰ ਗੁਣਾਂ ਹਨ। ਤ੍ਰਿਭੂਜ [illegible] ਤਾ ਕਰੋ।


11.In the given figure $\Delta PQR$ is right angled at P.U and T are the points on line QR. If QP||ST and US ||RP find $\angle S$.

Q11.ਦਿੱਤੇ ਹੋਏ ਚਿੱਤਰ ਵਿੱਚ $\Delta PQR$




ਇੱਕ ਸਮਕੋਣੀ ਤ੍ਰਿਭੁਜ ਹੈ ਜਿਸਦਾ $\angle P = 90^0$ ਹੈ। ਬਿੰਦੂ U ਅਤੇ T ਰੇਖਾ Q ਉੱਤੇ ਸਥਿਤ ਹਨ।
QP||ST ਅਤੇ US ||RP ਹੈ ਤਾਂ $\angle S$ ਦਾ ਮਾਪ ਪਤਾ ਕਰੋ।

Q12.In the given figure U is the mid point of line segment YZ. Now
(1) Line segment XT is ……
(2) Line segment XU is …………




Q12.ਦਿੱਤੇ ਹੋਏ ਚਿੱਤਰ ਵਿੱਚ U, ਰੇਖਾਖੰਡ YZ ਦਾ ਮੱਧ ਬਿੰਦੂ ਹੈ।
1. ਰੇਖਾਖੰਡ XT…………ਹੈ।
2. ਰੇਖਾਖੰਡ XU…………..ਹੈ।

Q13.Find the perimeter of triangle ABC.
Q13.ਦਿੱਤੇ ਗਏ ਚਿੱਤਰ ਵਿੱਚ Δ ABC ਦਾ ਪਰਿਮਾਪ ਪਤਾ ਕਰੋ।





2 Marks

1.Triangles , obtuse angled triangle 2.10 km
3. $x=60^0$ ,$y=120^0$ 4.$100^0$ 5. $30^0$ 6. $49^0$ 7. < , <
8.Sum of angle become more than $180^0$
9. $100^0$ 10 . $20^0$ ,$80^0$ ,$80^0$ 11. $90^0$ 12.Altitude , Median 13.36c


Congruency of triangles (ਤ੍ਰਿਭੁਜਾਂ ਦੀ ਸਰਬੰਗਸਮਤਾ)

Q1. If ΔABC and ΔDEF the correspondence CAB ↔EDF gives a congruence ,then which of the following is not true:
1.ਜੇਕਰ ΔABC ਤੇ ΔDEF ਸੁਮੇਲਨ CAB↔EDF ਦੇ ਅੰਤਰਗਤ ਸਰਬੰਗਸਮ ਹੋਣ ਤਾਂ ਇਹਨਾਂ ਵਿੱਚੋ ਕਿਹੜਾ ਕਥਨ ਸਹੀ ਨਹੀਂ :


(a) AC = DE (b) AB = EF
(c) $\angle A = \angle D$ (d) $\angle C = \angle E$





Q2. By which congruency criterion , the two triangles in given figure are congruent ?
Q2 .ਸਰਬੰਗਸਮਤਾ ਦੇ ਕਿਹੜੇ ਨਿਯਮ ਅਨੁਸਾਰ ਦਿੱਤੇ ਹੋਏ ਚਿੱਤਰ ਵਿੱਚ ਦੋ ਤ੍ਰਿਭੁਜਾਂ ਸਰਬੰਗਸਮ ਹਨ।




(a) SSS (b) RHS (c) ASA (d) SAS




Q3.If ΔPQR ≅ΔSTU then what is the length of TU?
Q3.ਜੇਕਰ ΔPQR ≅ ΔSTU ਤਾਂ TU ਦੀ ਲੰਬਾਈ ਕੀ ਹੋਵੇਗੀ?





(a)5 cm (b) 6cm (c)7cm (d)ਇਨ੍ਹਾਂ ਵਿੱਚੋ ਕੋਈ ਨਹੀਂ

Q4. By which of the following criterion two triangles cannot be proved congruent

Q4. ਇਹਨਾਂ ਵਿੱਚੋ ਕਿਹੜਾ ਸਰਬੰਗਸਮਤਾ ਦਾ ਨਿਯਮ ਨਹੀ ਹੈ?

(a) AAA (b) SSS (c) SAS (d) ASA

Q5. In the given figure AD ⊥BC and AD is bisector of ∠BAC . Then ΔABD ≅ΔACD by which congruence criterion?



Q5. ਦਿੱਤੇ ਚਿੱਤਰ ਵਿੱਚ AD⊥BC ਤੇ AD,∠ BAC ਦਾ ਸਮਦੁਭਾਜਕ ਹੈ ਤਾਂΔABC ≅ΔACD ਕਿਸ ਸਰਬੰਗਸਮਤਾ ਦੇ ਨਿਯਮ ਅਨੁਸਾਰ ਸਰਬੰਗਸਮ ਹੈ ?

(a) ASA (b) SAS (c) SSS (d) RHS

Q6.Which of the following statements is true

(a)Two acute angles are congruent .

(b)If the area of two triangles is same ,then they are congruent .

(c) Two right angles are congruent .

(d) If the area of two rectangles are same ,they are congruent .

Q6. ਇਹਨਾਂ ਵਿੱਚੋਂ ਕਿਹੜਾ ਕਥਨ ਸਹੀ ਹੈ ।


(a)ਦੋ ਨਿਊਨ ਕੋਣ ਸਰਬੰਗਸਮ ਹੁੰਦੇ ਹਨ ।

(ਬ)ਜੇਕਰ ਦੋ ਤ੍ਰਿਭੁਜਾਂ ਦਾ ਖੇਤਰਫਲ ਬਰਾਬਰ ਹੋਵੇ ਤਾਂ ਉਹ ਸਰਬੰਗਸਮ ਹੁੰਦੇ ਹਨ ।

(c )ਦੋ ਸਮਕੋਣ ਸਰਬੰਗਸਮ ਹੁੰਦੇ ਹਨ ।

(ਦ)ਜੇਕਰ ਦੋ ਆਇਤਾਂ ਦਾ ਖੇਤਰਫਲ ਬਰਾਬਰ ਹੋਵੇ ਤਾਂ ਉਹ ਸਰਬੰਗਸਮ ਹੁੰਦੇ ਹਨ।


Q7.In the given figure ∠1 = ∠2 and ∠3 = ∠4 by which congruence criterion ΔADC ≅Δ ABC.




Q7.ਦਿੱਤੇ ਹੋਏ ਚਿੱਤਰ ਵਿੱਚ ∠1 = ∠2 ਤੇ ∠3 = ∠4 ਸਰਬੰਗਸਮਤਾ ਦੇ ਕਿਹੜੇ ਨਿਯਮ ਦੇ ਅੰਤਰਗਤ ΔADC ≅ΔABC ਹੈ।

(a) SAS (b) RHS (c) ASA (d) SSS


Q8. In the given figure QS ⊥ PR , RT ⊥PQ and QS = RT ,by which congruence criterion ΔQSR ≅ΔRTQ.



Q8.ਦਿੱਤੇ ਚਿੱਤਰ ਵਿੱਚ QS ⊥ PR , RT ⊥PQ ਤੇ QS = RT ਸਰਬੰਗਸਮਤਾ ਦੇ ਕਿਹੜੇ ਨਿਯਮ ਦੇ ਅੰਤਰਗਤ ΔQSR ≅ΔRTQ |

(a) RHS (b) SSS (c) SAS ( d) ASA

Q9.If ΔABC and ΔDBC are on the same base BC ,AB = DC and



AC = BD then which of the following gives a correct congruence relationship .


Q9.ਜੇਕਰ $\Delta ABC$ ਅਤੇ $\Delta DBC$ ਇੱਕੋ ਅਧਾਰ BC ਤੇ ਹਨ AB = DC ਅਤੇ AC = BD ਤਾਂ ਇਨ੍ਹਾਂ ਵਿੱਚੋ ਕਿਹੜਾ ਸਹੀ ਹੈ?

(a) $\Delta ABC \cong \Delta DBC$ b) $\Delta ABC \cong \Delta CBD$

( c) $\Delta ABC \cong \Delta DCB$ (d) $\Delta ABC \cong \Delta BCD$

Q10. In the given figure the value of x is:


Q10.ਦਿੱਤੇ ਹੋਏ ਚਿੱਤਰ ਵਿੱਚ x ਦਾ ਮੁੱਲ ਦੱਸੋ।




(a) 5 (b) 3 (c) 7 (d) ਕੋਈ ਨਹੀਂ

Q11.In the given figure if M is the midpoint of both AC and BD then:-

Q11..ਦਿੱਤੇ ਚਿੱਤਰ ਵਿੱਚ ਜੇਕਰ M ,AC ਤੇ BD ਦਾ ਮੱਧ ਬਿੰਦੂ ਹੈ ਤਾਂ ?




(a) $\angle 1 = \angle 2$ (b) $\angle 1 = \angle 4$

(c) $\angle 2 = \angle 4$ (d) $\angle 1 = \angle 3$

Q12.Which one is not correct :

(a)If the areas of two circles are the same , they are congruent .

(b)Two circles having same circumference are congruent .

(c)Two figures are congruent ,if they have same shape.

(d)Two squares having same perimeter are congruent .

Q12.ਇਹਨਾਂ ਵਿੱਚੋਂ ਕਿਹੜਾ ਸਹੀ ਨਹੀਂ ਹੈ।

(a)ਜੇਕਰ ਦੋ ਚੱਕਰਾਂ ਦਾ ਖੇਤਰਫ਼ਲ ਬਰਾਬਰ ਹੋਵੇ ਤਾਂ ਉਹ ਸਰਬੰਗਸਮ ਹੁੰਦੇ ਹਨ ।

(ਬ)ਜੇਕਰ ਦੋ ਚੱਕਰਾਂ ਦਾ ਘੇਰਾ ਬਰਾਬਰ ਹੋਵੇ ਤਾਂ ਉਹ ਸਰਬੰਗਸਮ ਹੁੰਦੇ ਹਨ।

(ਚ)ਦੋ ਆਕ੍ਰਿਤਿਆਂ ਸਰਬੰਗਸਮ ਹੁੰਦੀਆਂ ਹਨ ਜੇਕਰ ਉਹਨਾਂ ਦਾ ਰੂਪ ਇੱਕ ਸਮਾਨ ਹੋਵੇ।

(ਦ)ਜੇਕਰ ਦੋ ਵਰਗਾਂ ਦਾ ਪਰਿਮਾਪ ਬਰਾਬਰ ਹੋਵੇ ਤਾਂ ਉਹ ਸਰਬੰਗਸਮ ਹੁੰਦੇ ਹਨ।

Q13.In the given figure $\Delta PQR \cong$ ……..


Q13.ਦਿੱਤੇ ਹੋਏ ਚਿੱਤਰ ਵਿੱਚ $\Delta PQR \cong$……..

(a) $\Delta XYZ$

(b) $\Delta XZY$

(c) $\Delta YZX$

(d) $\Delta ZXY$





14. In the given figure ,Δ………..≅ $\Delta PQR$

14. ਦਿੱਤੇ ਹੋਏ ਚਿੱਤਰ ਵਿੱਚ Δ………… ≅ $\Delta PQR$

(a) $\Delta QDR$

(b) $\Delta DRQ$



(c) ΔQRD

(d) ਇਹਨਾ ਵਿੱਚੋ ਕੋਈ ਨਹੀਂ

Q15.In the given figure if $\angle POQ \cong \angle ROS$ then $\angle POR \cong$ ………


Q15.ਦਿੱਤੇ ਹੋਏ ਚਿੱਤਰ ਵਿੱਚ $\angle POQ \cong \angle ROS$ ਤਾਂ $\angle POR \cong$ ………

(a) $\angle ROQ$

(b) $\angle ROS$

(c) $\angle POQ$

(d) $\angle QOS$




Q16.In the given figure square ABCD ≅ Square PQRS if AB = 4 cm ,then PQ is equal to?

Q16.ਦਿੱਤੇ ਹੋਏ ਚਿੱਤਰ ਵਿੱਚ ਵਰਗ ABCD≅ ਵਰਗ PQRS ਜੇਕਰ AB = 4ਸਮ ਤਾਂ PQ =…..

(a) 2cm (b) 3cm (c) 4cm (d) 5cm

## COMPARING QUANTITIES/ ਰਾਸ਼ੀਆਂ ਦੀ ਤੁਲਨਾ

Q1. The ratio of the heights of 150 cm and 75 cm of two persons can be written as:

Q1.ਦੋ ਵਿਅਕਤੀਆਂ ਦੀਆਂ ਉਚਾਈਆਂ 150 ਸਮ ਅਤੇ 75 ਸਮ ਦਾ ਅਨੁਪਾਤ ਲਿਖਿਆ ਜਾ ਸਕਦਾ ਹੈ:

(a) 1 : 50 (b) 1 : 5 (c) 2 : 1 (d) 1 : 2

Q2. 20 marbles are divided between Rita and Amit such that Rita has 12 marbles andAmit has 8 marbles , the ratio of marbles of both can be written as :

Q2. 20 ਬੰਟੇ ਰੀਟਾ ਅਤੇ ਅਮਿਤ ਵਿੱਚ ਇਸ ਤਰ੍ਹਾਂ ਵੰਡਦੇ ਹਾਂ ਕਿ ਰੀਟਾ ਨੂੰ 12 ਬੰਟੇ ਅਤੇ ਅਮਿਤ ਨੂੰ 8 ਬੰਟੇ ਮਿਲਦੇ ਹਨ।ਦੋਹਾਂ ਦੇ ਬੰਟਿਆਂ ਦੇ ਅਨੁਪਾਤ ਲਿਖਿਆ ਜਾ ਸਕਦਾ ਹੈ:

(a) 2 : 3 (b) 3 : 2 (c) 12 : 8 (d) 20 : 12

Q3. The speed of a Cheetah is 6 times the speed of a Man. If Speed of Cheetah is 120 km/h then the speed of the man will be:

Q3. ਚੀਤੇ ਦੀ ਚਾਲ ਆਦਮੀ ਦੀ ਚਾਲ ਦੇ 6 ਗੁਣਾ ਹੈ।ਜੇਕਰ ਚੀਤੇ ਦੀ ਚਾਲ 120 ਕਿ.ਮੀ/ਘੰਟਾ ਹੋਵੇ ਤਾਂ ਆਦਮੀ ਦੀ ਚਾਲ ਹੋਵੇਗੀ:

(a) 6 km/h (b) 72 km/h(c) 60km/h (d) 20 km/h

Q4.Which of the following is the ratio of 3 km to 300m ?

Q4. ਇਹਨਾਂ ਵਿੱਚੋ 3 ਕਿਲੋਮੀਟਰ ਦਾ 300 ਮੀਟਰ ਨਾਲ ਅਨੁਪਾਤ ਕਿਹੜਾ ਹੈ ?

(a) 10 : 1 (b) 1 : 10 (c) 100 : 1(d) 1 : 100

Q5.If 1000 : X = 2 : 2.5 ,what will be the value of “X”

Q5.ਜੇਕਰ 1000 : X = 2 : 2.5 ਹੋਵੇ ਤਾਂ “X” ਦਾ ਮੁੱਲ ਕੀ ਹੋਵੇਗਾ ?

(a) 2000 (b) 2500 (c ) 1250 (d) 0.005

Q6. **Percent** is derived from Latin word ‘**percentum’** whose literal meaning is:

(a) per hundred (b) per ten (c) per thousand (d) none of these.

Q6.ਪ੍ਰਤੀਸ਼ਤ (Percent ) ਸ਼ਬਦ ਲਤੀਨੀ (Latin) ਭਾਸ਼ਾ ਦੇ ਇੱਕ ਸ਼ਬਦ ‘percentum’ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ :

(a) ਪ੍ਰਤੀ ਇੱਕ ਸੋ (b) ਪ੍ਰਤੀ ਇੱਕ ਦਸ (c) ਪ੍ਰਤੀ ਇੱਕ ਹਜ਼ਾਰ (d) ਇਹਨਾਂ ਵਿੱਚੋ ਕੋਈ ਨਹੀਂ ।

Q7. Percent is represented by the symbol:

7.ਪ੍ਰਤੀਸ਼ਤ ਨੂੰ ਕਿਸ ਚਿੰਨ੍ਹ ਨਾਲ ਦਰਸਾਇਆ ਜਾਂਦਾ ਹੈ ?

(a) π (b) ≠ (c) √ d) %.

Q8. 1% is equal to
Q8. 1% ਬਰਾਬਰ ਹੈ ।

(a) 100 (b) 10 (c) $\frac{1}{100}$ (d) 0.1

Q9. 0.07 is equal to
Q9.0.07 ਬਰਾਬਰ ਹੈ ।

(a) 70% (b) 7% (c) 0.7% (d) 0.07%

Q10. The ratio of Fatima's income to her savings is 4 : 1. The percentage of money saved by her is :
Q10.ਫਾਤਿਮਾਂ ਦੀ ਆਮਦਨ ਦਾ ਬੱਚਤ ਨਾਲ ਅਨੁਪਾਤ 4:1 ਹੈ।ਉਸ ਦੁਆਰਾ ਕੀਤੀ ਬੱਚਤ ਰਾਸ਼ੀ ਦਾ ਪ੍ਰਤੀਸ਼ਤ ਹੈ

(a) 75% (b) 25% (c) 40% (d) 80%

Q 11. What percent of 4500 is 9000?
Q11. 9000 , 4500 ਦਾ ਕਿੰਨੇ ਪ੍ਰਤੀਸ਼ਤ ਹੈ ?

(a) 200 (b)$\frac{1}{2}$(c) 2 (d) 50

Q12. The ratio 3 : 8 is equal to:
Q12. ਅਨੁਪਾਤ 3:8 ਬਰਾਬਰ ਹੈ :

(a) 3.75% (b) 37.5% (c) 0.375% (d) 267%

Q13. Out of 50 children in a class, 20 are boys. Then the percentage of girls is:
Q13. 50 ਬੱਚਿਆਂ ਦੀ ਇੱਕ ਜਮਾਤ ਵਿੱਚ, 20 ਮੁੰਡੇ ਹਨ ਤਾਂ ਲੜਕੀਆਂ ਦੀ ਪ੍ਰਤੀਸ਼ਤ ਹੋਵੇਗੀ:

(a) 60 (b) 30 (c) 50 (d) 66 $\frac{2}{3}$

Q14. A cricket bat was purchased for RS.800 and was sold for RS.1600 , Then profit earned is:
Q14. ਇੱਕ ਕ੍ਰਿਕਟ ਬੱਲਾ 800 ਰੁਪਏ ਵਿੱਚ ਖਰੀਦਿਆ ਅਤੇ 1600 ਰੁਪਏ ਵਿੱਚ ਵੇਚਿਆ ਗਿਆ ਤਾਂ ਲਾਭ ਪ੍ਰਤੀਸ਼ਤ ਹੈ:

(a) 100% (b) 64% (c) 50% (d) 60%

Q15.If 90% of x is 315 km, then the value of x is
Q15. ਜੇਕਰ x ਦਾ 90% ,315 ਕਿ.ਮੀ ਹੋਵੇ ਤਾਂ x ਦਾ ਹੈ ?

(a) 325 km (b) 350 km (c) 405 km (d) 340 km

(a) 75% (b) 50% (c) 40% (d) 60%

Q17.If there is a profit ,which one is true ?

(a) S.P < C.P (b) S.P>C.P
(c) S.P = C.P (d) None of these

Q17.ਜੇਕਰ ਲਾਭ ਹੋਵੇ ,ਤਾਂ ਕਿਹੜਾ ਕਥਨ ਸਹੀ ਹੈ ?

(ੳ)ਵੇਚਮੁੱਲ <ਖਰੀਦਮੁੱਲ (b) ਵੇਚਮੁੱਲ >ਖਰੀਦਮੁੱਲ (c) ਵੇਚਮੁੱਲ = ਖਰੀਦਮੁੱਲ (d) ਇਹਨਾਂ ਵਿੱਚ ਕੋਈ ਨਹੀਂ।

Q18.Profit or Loss percentage is always calculated on ______

(a) S.P (b) C.P
(c) M.P (d) None of these.

Q18.ਲਾਭ ਜਾਂ ਹਾਨੀ ਪ੍ਰਤੀਸ਼ਤ ਹਮੇਸ਼ਾ _____________ ਤੇ ਨਿਰਧਾਰਿਤ ਹੁੰਦਾ ਹੈ ।

(a) ਵੇਚ ਮੁੱਲ (b) ਖਰੀਦ ਮੁੱਲ
(b) ਅੰਕਿਤ ਮੁੱਲ (d) ਇਹਨਾਂ ਵਿੱਚੋ ਕੋਈ ਨਹੀਂ।

Q19.Fill the blanks : S.P = $\frac{(100+P\%)}{100} \times \square$

(a) C.P (b) S.P (c) M.P (d) None of these.

Q19.ਖਾਲੀ ਸਥਾਨ ਭਰੋ : ਵੇਚ ਮੁੱਲ =$\frac{(100+P\%)}{100}\times$ $\square$

(a) ਖਰੀਦ ਮੁੱਲ (b) ਵੇਚ ਮੁੱਲ (c) ਅੰਕਿਤ ਮੁੱਲ (d) ਇਹਨਾਂ ਵਿੱਚੋ ਕੋਈ ਨਹੀਂ

Q20. The money you borrow is known as____

(a) Interest (b) Rate(c) Amount (d) Principal.

Q20. ਉਧਾਰ ਲਏ ਗਏ ਧਨ ਨੂੰ_____ ਕਿਹਾ ਜਾਂਦਾ ਹੈ ।

(a)ਵਿਆਜ(b) ਦਰ (c) ਮਿਸ਼ਰਤਧਨ(d) ਮੂਲਧਨ

Q21. Which statement is true?

(a) Amount = Principal + Interest.
(b) Principal = Amount + Interest
(c) Interest = Amount + Principal.
(d) (d) Amount = Principal - Interest.

Q21.ਕਿਹੜਾ ਕਥਨ ਸਹੀ ਹੈ ?

(a) ਮਿਸ਼ਰਤਧਨ = ਮੂਲਧਨ + ਵਿਆਜ
(b) ਮੂਲਧਨ = ਮਿਸ਼ਰਤਧਨ + ਵਿਆਜ
(c) ਵਿਆਜ = ਮਿਸ਼ਰਤਧਨ+ ਮੂਲਧਨ
(d) ਮਿਸ਼ਰਤਧਨ = ਮੂਲਧਨ- ਵਿਆਜ.

**Q22.**If the principal of Rs.*P* at *R*% rate of interest per year, the interest paid for*T* years would be

Q22. ਮੂਲਧਨ ਨੂੰ P ਰੁਪਏ ਲਈ R% ਸਲਾਨਾ ਦੀ ਦਰ ਨਾਲ T ਸਾਲ ਦਾ ਵਿਆਜ ਹੋਵੇਗਾਂ ।

$(a)\ \frac{P+R+T}{100}$(b) $\frac{P\times R\times T}{100}$ (c) $\frac{P-R-T}{100}$ (d) $\frac{P\div R\div T}{100}$

Q23.To convert a fraction into a percent, we _________ it by 100%.

(a)Multiply (b) Divide (c) add (b) subtract .

Q23.ਭਿੰਨ ਨੂੰ ਪ੍ਰਤੀਸ਼ਤ ਵਿੱਚ ਤਬਦੀਲ ਕਰਨ ਲਈ ,ਅਸੀ ਭਿੰਨ ਨੂੰ 100% ਨਾਲ _______ ਕਰਦੇ ਹਾਂ ।

(ੳ)ਗੁਣਾ(b) ਭਾਗ (c) ਜੋੜ(b) ਘਟਾਓ

Q24.Fill in the blanks : *Percentage of change* $=\frac{Change}{\dots\dots\dots}\times 100$

(a) Increased value (b) decreased value (c) Original value (d) None of these.

Q24.ਖਾਲੀ ਸਥਾਨ ਭਰੋ : ਬਦਲਾਅ ਦਾ ਪ੍ਰਤੀਸ਼ਤ = $=\frac{Change}{\dots\dots\dots}\times 100$

(ੳ)ਵਧੀ ਰਾਸ਼ੀ (b) ਘਟੀ ਰਾਸ਼ੀ

(c) ਅਸਲ ਰਾਸ਼ੀ(d) ਇਹਨਾਂ ਵਿੱਚੋ ਕੋਈ ਨਹੀਂ।

Q25.If angles of a triangle are in the ratio 1:3:5 .The value of the greatest angles is ___

Q25.ਜੇਕਰ ਤਿਕੋਣ ਦੇ ਕੋਣਾ ਦਾ ਅਨੁਪਾਤ 1:3:5 ਹੋਵੇ।ਸਭ ਤੋ ਵੱਡੇ ਕੋਣ ਦਾ ਮਾਪ _________ ਹੋਵੇਗਾ

(ੳ)$90^0$ (b)$100^0$ (c)$180^0$d)$80^0$

**2 Marks questions / 2 ਅੰਕਾਂ ਵਾਲੇ ਪ੍ਰਸ਼ਨ ।**

Q1.Find the value of *x* if
45% of marks *x* is 405.

Q1. x ਦਾ ਮੁੱਲ ਪਤਾ ਕਰੋ ਜੇਕਰ
x ਦਾ 45% ,405 ਰੁਪਏ ਹੈ ।

Q2. Express $33\frac{1}{3}$% as a ratio in the lowest term.

Q2. $33\frac{1}{3}$%ਨੂੰ ਅਨੁਪਾਤ ਦੇ ਸਰਲ ਰੂਪ ਵਿੱਚ ਦਰਸਾਓ

Q3. What per cent of 1 day is 1 minute?
Q3. 1 ਮਿੰਟ , 1 ਦਿਨ ਦਾ ਕਿੰਨੇ ਪ੍ਰਤੀਸ਼ਤ ਹੈ ?

Q4. Out of 32 students, 8 are absent. What per cent of the students are present?
4.32 ਵਿਦਿਆਰਥੀਆਂ ਵਿੱਚੋ 8 ਵਿਦਿਆਰਥੀ ਗੈਰ ਹਾਜ਼ਰ ਹਨ।ਹਾਜ਼ਰ ਵਿਦਿਆਰਥੀਆਂ ਦਾ ਪ੍ਰਤੀਸ਼ਤ ਕੀ ਹੈ ?

Q5. A piece of cloth 5cm long shrinks 10% of washing .How long will the cloth be after washing .
Q5.ਕੱਪੜੇ ਦਾ ਇੱਕ ਟੁਕੜਾ 5 ਮੀਟਰ ਲੰਬਾ ਹੈ,ਤੇ ਕੱਪੜੇ ਨੂੰ ਧੋਣ ਤੇ ਬਾਅਦ 10% ਸੁਕੜ ਜਾਂਦਾ ਹੈ ।ਦਸੋ ਧੋਣ ਤੋ ਬਾਅਦ ਕੱਪੜੇ ਦੀ ਲੰਬਾਈ ਕਿੰਨੀ ਹੋਵੇਗੀ ?

Q6. A shop has 500 items, out of which 5 are defective. What per cent of items are defective?
Q6.ਇੱਕ ਦੁਕਾਨ ਕੋਲ 500 ਵਸਤੂਆਂ ਹਨ ।ਉਹਨਾਂ ਵਿੱਚੋ 5 ਖਰਾਬ ਹਨ।ਖਰਾਬ ਵਸਤੂਆਂ ਦਾ ਪ੍ਰਤੀਸ਼ਤ ਕੀ ਹੈ ?

Q7. 8% children of a class of 25 like getting wet in the rain. How many children like getting wet in the rain.
Q7. 25 ਬੱਚਿਆਂ ਦੀ ਜਮਾਤ ਵਿੱਚ 8% ਬੱਚੇ ਮੀਂਹ ਵਿੱਚ ਭਿੱਜਣਾ ਪਸੰਦ ਕਰਦੇ ਹਨ ।ਮੀਂਹ ਵਿੱਚ ਭਿੱਜਣ ਵਾਲੇ ਬੱਚਿਆਂ ਦੀ ਗਿਣਤੀ ਪਤਾ ਕਰੋ ।

Q8. 9 is 25% of what number?
Q8. 9 ਕਿਹੜੀ ਸੰਖਿਆ ਦਾ 25% ਹੈ ?

Q9. Divide 15 sweets between Manu and Sonu so that they get 20 % and 80 % of them respectively.
Q9 . 15 ਮਿਠਾਈਆਂ ਨੂੰ ਮਨੂੰ ਅਤੇ ਸੋਨੂੰ ਵਿੱਚ ਇਸ ਪ੍ਰਕਾਰ ਵੰਡੋ ਕਿ ਉਹਨਾਂ ਨੂੰ ਕੁੱਲ ਮਿਠਾਈ ਦਾ ਕ੍ਰਮਵਾਰ 20% ਅਤੇ 80% ਮਿਲੇ।

Q10. Find Percentage of increase or decrease:
(i)Price of shirt decreased from Rs.280 to Rs.210.
(ii)Marks in a test increased from 20 to 30.
Q10.ਵਾਧੇ ਅਤੇ ਘਾਟੇ ਦਾ ਪ੍ਰਤੀਸ਼ਤ ਪਤਾ ਕਰੋ ।
(a)ਕਮੀਜ ਦਾ ਮੁੱਲ 80 ਰੁਪਏ ਤੋਂ ਘੱਟ ਕੇ 60 ਰੁਪਏ ਰਹਿ ਗਿਆ ।
(b)ਕਿਸੇ ਪ੍ਰੀਖਿਆ ਵਿੱਚ ਪ੍ਰਾਪਤ ਅੰਕ ਵੱਧ ਕੇ 20 ਤੋਂ 30 ਹੋ ਗਏ ।

Q11. A shopkeeper bought a chair for Rs.375 and sold it for Rs.400. Find the gain percentage.
Q11. ਇੱਕ ਦੁਕਾਨਦਾਰ ਨੇ ਇੱਕ ਕੁਰਸੀ 375 ਰੁਪਏ ਵਿੱਚ ਖਰੀਦੀ ਅਤੇ 400 ਰੁਪਏ ਵਿੱਚ ਵੇਚ ਦਿੱਤੀ।ਉਸਦਾ ਲਾਭ ਪਤਾ ਕਰੋ।

Q12.Rs. 10,000 is invested at 5% interest rate p.a. Find the interest at the end of one year.
Q12.10000ਰੁਪਏ 5%ਸਲਾਨਾ ਦਰ ਨਾਲ ਜਦ ਕਿੰਨਾ ਜਮ੍ਹਾ ਕੀਤੇ ਜਾਦੇ ਹਨ । ਇੱਕ ਸਾਲ ਬਾਅਦ ਕਿੰਨ੍ਹਾ ਵਿਆਜ ਪ੍ਰਾਪਤ ਹੋਵੇਗਾ?

Q13. On a certain sum the interest paid after 3 years is Rs.450 at 5% rate of interest perannum. Find the sum.
Q13. ਕਿਸੇ ਰਾਸ਼ੀ ਦਾ 5% ਪ੍ਰਤੀਸ਼ਤ ਸਲਾਨਾ ਦਰ ਤੇ 3 ਸਾਲ ਦਾ ਵਿਆਜ 450 ਰੁਪਏ ਹੁੰਦਾ ਹੈ ।ਉਹ ਰਾਸ਼ੀ ਪਤਾ ਕਰੋ ।

Q14. You have Rs.2,400 in your account and the interest rate is 5%. After how many yearswould you earn Rs.240 as interest.
Q14. ਤੁਹਾਡੇ ਬੈਂਕ ਖਾਤੇ ਵਿੱਚ 2400 ਰੁਪਏ ਜਮ੍ਹਾਂ ਹਨ ਅਤੇ ਵਿਆਜ ਦੀ ਦਰ 5% ਸਲਾਨਾ ਹੈ ।ਕਿੰਨੇ ਸਾਲਾਂ ਬਾਅਦ ਵਿਆਜ਼ ਦੀ ਰਾਸ਼ੀ 240 ਰੁਪਏ ਹੋਵੇਗੀ ?

# ਅੰਕੜਾ ਵਿਗਿਆਨ

1.ਹੇਠ ਲਿਖਿਆਂ ਵਿੱਚੋਂ ਮੱਧਮਾਨ ਲਈ ਕਿਹੜਾ ਕਥਨ ਸਹੀ ਹੈ :

(a)ਇਹ ਹਰ ਪ੍ਰੇਖਣ ਤੋਂ ਵੱਡਾ ਹੁੰਦਾ ਹੈ।
(b)ਇਹ ਹਰ ਪ੍ਰੇਖਣ ਤੋਂ ਛੋਟਾ ਹੁੰਦਾ ਹੈ।

(c)ਇਹ ਸਭ ਤੋਂ ਛੋਟੇ ਅਤੇ ਸਭ ਤੋਂ ਵੱਡੇ ਪ੍ਰੇਖਣ ਦੇ ਵਿਚਕਾਰ ਹੁੰਦਾ ਹੈ।
(d)ਇਹਨਾਂ ਵਿਚੋਂ ਕੋਈ ਵੀ ਨਹੀਂ।

1. For mean ,which statement is true from the following:
(a)It is greater than each observation.
(b)It is smaller than each observation.
(c)It lies between highest and lowest observation.
(d)None of these

2.ਕਿਹੜੇ ਕੇਂਦਰੀ ਪ੍ਰਵਿਰਤੀ ਮਾਪ ਨੂੰ ਪਤਾ ਕਰਨ ਲਈ ਪ੍ਰੇਖਣਾਂ ਨੂੰ ਕਦੇ ਵੀ ਵੱਧਦੇ ਜਾਂ ਘਟਦੇ ਕ੍ਰਮ ਵਿੱਚ ਲਿਖਣ ਦੀ ਜ਼ਰੂਰਤ ਨਹੀਂ ਹੁੰਦੀ :
(a)ਬਹੁਲਕ(b) ਮੱਧਮਾਨ (c) ਮੱਧਿਕਾ(d) ਇਹਨਾਂ ਵਿਚੋਂ ਕੋਈ ਵੀ ਨਹੀ।

2.We never need to arrange the data in ascending or descending order to calculate which of the following:
(a) Mode (b)Mean (c) Median (d) None of these.

3.ਅੰਕੜਿਆਂ ਦੇ ਸਮੂਹ ਦੇ ਕੇਂਦਰੀ ਪ੍ਰਵਿਰਤੀ ਮਾਪ ਮੱਧਮਾਨ, ਬਹੁਲਕ ਅਤੇ ਮੱਧਿਕਾ ਲਈ ਕਿਹੜਾ ਕਥਨ ਸਹੀ ਹੈ :
(a)ਇਹ ਹਮੇਸ਼ਾ ਬਰਾਬਰ ਹੁੰਦੇ ਹਨ।
(b)ਇਹ ਕਦੇ ਬਰਾਬਰ ਨਹੀ ਹੁੰਦੇ।
(c)ਇਹ ਕਦੇ-ਕਦੇ ਬਰਾਬਰ ਵੀ ਹੋ ਸਕਦੇ ਹਨ।
(d)ਕੋਈ ਵੀ ਸਹੀ ਨਹੀਂ।

3.Which statement is true for measure of central tendency like mean, mode and median of the given data:
(a)These are always equal.
(b)These are not always equal.
(c)Sometimes these may be equal.
(d)None is these.

4.ਦਿੱਤੇ ਹੋਏ ਪ੍ਰੇਖਣਾਂ ਦੇ ਇੱਕ ਸਮੂਹ ਵਿੱਚ ਸਭ ਤੋਂ ਵੱਧ ਬਾਰੰਬਾਰਤਾ ਵਾਲੇ ਕੇਂਦਰੀ ਪ੍ਰਵਿਰਤੀ ਮਾਪ ਨੂੰ ਕੀ ਕਹਿੰਦੇ ਹਨ :
(a)ਬਹੁਲਕ (b)ਮੱਧਮਾਨ (c)ਮੱਧਿਕਾ (d)ਇਨ੍ਹਾਂ ਵਿਚੋਂ ਕੋਈ ਵੀ ਨਹੀਂ

।4.What is measure of central tendency called that occurs most frequently in the given data ?
(a) Mode (b) Mean (c) Median (d)None of these

(5)ਕਿਸੇ ਪਿਕਨਿਕ ਤੇ ਜੇਕਰ ਹਰੇਕ ਵਿਦਿਆਰਥੀ ਦੇ ਖਾਣ ਲਈ ਵੱਖ-ਵੱਖ ਕਿਸਮਾਂ ਦੇ ਫਲ ਖਰੀਦੇ ਜਾਣ, ਪਰ ਹਰ ਵਿਦਿਆਰਥੀ ਨੂੰ ਕੇਵਲ ਇੱਕ ਹੀ ਫਲ ਮਿਲੇ ਤਾਂ ਤੁਹਾਨੂੰ ਕਿਹੜਾ ਫਲ ਮਿਲੇਗਾ,ਇਸ ਲਈ ਕਿਹੜੇ ਕੇਂਦਰੀ ਪ੍ਰਵਿਰਤੀ ਮਾਪ ਦੀ ਵਰਤੋਂ ਸਭ ਤੋਂ ਵੱਧ ਢੁਕਵੀਂ ਹੋਵੇਗੀ :
(a)ਬਹੁਲਕ(b) ਮੱਧਮਾਨ (c) ਮੱਧਿਕਾ
(d) ਇਹਨਾਂ ਵਿਚੋਂ ਕੋਈ ਵੀ ਨਹੀਂ।

(5)When going on a picnic, if only one fruit is given to one student from different type of fruits, which is the fruit that you would get? What measure of central tendency would be most appropriate ?
(a) Mode (b) Mean(c) Median(d) None of these

6. ਤੁਸੀਂ ਆਪਣੇ ਘਰ ਦੇ ਮੁੱਖ ਦਰਵਾਜੇ ਦੀ ਉਚਾਈ ਪਤਾ ਕਰਨੀ ਹੈ, ਜਿਸ ਰਾਹੀ ਘਰ ਦੇ ਸਾਰੇ ਮੈਂਬਰ ਆਸਾਨੀ ਨਾਲ ਲੰਘ ਸਕਣ, ਇਸ ਲਈ ਕਿਸ ਕੇਂਦਰੀ ਪ੍ਰਵਿਰਤੀ ਮਾਪ ਦੀ ਵਰਤੋਂ ਕੀਤੀ ਜਾਵੇਗੀ:
(a)ਬਹੁਲਕ (b) ਮੱਧਮਾਨ (c) ਮੱਧਿਕਾ(d) ਇਹਨਾਂ ਵਿਚੋਂ ਕੋਈ ਵੀ ਨਹੀ।

6.You need to find the height of the door needed in your house so that all members of family be able to go through that door, What measure of central tendency would be most appropriate ?

(a) Mode (b) Mean (c) Median (d) None of these

7.ਤਸੀਂ ਆਪਣੇ ਜਨਮ ਦਿਨ ਦੇ ਪ੍ਰੋਗਰਾਮ ਤੇ 15 ਵਿਅਕਤੀਆਂ ਦੇ ਖਾਣ ਲਈ ਰੋਟੀਆਂ ਦੀ ਕੁੱਲ ਸੰਖਿਆ ਪਤਾ ਕਰਨੀ ਹੈ,ਇਸ ਲਈ ਕਿਹੜੇ ਕੇਂਦਰੀ ਪ੍ਰਵਿਰਤੀ ਮਾਪ ਦੀ ਵਰਤੋਂ ਸਭ ਤੋਂ ਵੱਧ ਢੁਕਵੀਂ ਹੋਵੇਗੀ :

(a)ਬਹੁਲਕ (b) ਮੱਧਮਾਨ

(c)ਮੱਧਿਕਾ (d) ਇਹਨਾਂ ਵਿੱਚੋਂ ਕੋਈ ਵੀ ਨਹੀਂ। 7.You have to decide upon the number of chapattis needed for 15 people called for your birthday party program. What measure of central tendency would be most appropriate if the data is provided to you?

(a) Mode (b) Mean (c) Median (d) None of these

8.ਤੁਹਾਡੀ ਜਮਾਤ ਦੇ ਵਿਦਿਆਰਥੀਆਂ ਦੀ ਔਸਤ ਉਮਰ ਪਤਾ ਕਰਨ ਲਈ, ਕਿਹੜਾ ਕੇਂਦਰੀ ਪ੍ਰਵਿਰਤੀ ਮਾਪ ਢੁਕਵਾਂ ਹੋਵੇਗਾ?

(a)ਬਹੁਲਕ (b) ਮੱਧਮਾਨ

(c) ਮੱਧਿਕਾ (d) ਇਹਨਾਂ ਵਿੱਚੋਂ ਕੋਈ ਵੀ ਨਹੀਂ।

8.To find average age of students of your class, what measure of central tendency would be most appropriate if the data is provided to you?

(a) Mode (b) Mean (c) Median(d) None of these

9.ਕਿਸੇ ਦੁਕਾਨਦਾਰ ਨੇ ਆਪਣੀ ਦੁਕਾਨ ਵਿੱਚ ਜੁੱਤੀਆਂ ਦਾ ਸਟਾਕ ਪੂਰਾ ਕਰਨਾ ਹੈ, ਉਹ ਇਸ ਲਈ ਕਿਸ ਕੇਂਦਰੀ ਪ੍ਰਵਿਰਤੀ ਮਾਪ ਦੀ ਵਰਤੋਂ ਕਰੇਗੇ :

(a)ਬਹੁਲਕ (b) ਮੱਧਮਾਨ

(c) ਮੱਧਿਕਾ (d) ਇਹਨਾਂ ਵਿੱਚੋਂ ਕੋਈ ਵੀ ਨਹੀਂ।

9.A shopkeeper selling shoes has decided to replenish her stock, what measure of central tendency would be most appropriate if the data is provided to him:

(a) Mode (b) Mean (c) Median (d) None of these

10. ਅੰਕੜਿਆਂ ਦੇ ਸਮੂਹ ਦੇ ਕੇਂਦਰੀ ਪ੍ਰਵਿਰਤੀ ਦਾ ਕਿਹੜਾ ਮਾਪ ਅੰਕੜਿਆਂ ਦੇ ਸਭ ਤੋਂ ਛੋਟੇ ਅਤੇ ਸਭ ਤੋਂ ਵੱਡੇ ਪ੍ਰੇਖਣ ਦੇ ਵਿਚਕਾਰ ਹੁੰਦਾ ਹੈ :

(a)ਬਹੁਲਕ (b) ਮੱਧਮਾਨ (c) ਮੱਧਿਕਾ (d) ਸਾਰੇ

10.Which measures of central tendency lies between highest and lowest observation from the following :

(a) Mode (b) Mean (c) Median (d) All 11. 11. ਜੇਕਰ ਦਿੱਤੇ ਗਏ ਅੰਕੜਿਆਂ ਵਿੱਚ ਸਭ ਤੋਂ ਘੱਟ ਅਤੇ ਸਭ ਤੋਂ ਵੱਧ ਮੁੱਲ ਵਾਲੇ ਪ੍ਰੇਖਣਾਂ ਨੂੰ ਹਟਾ ਦਿੱਤਾ ਜਾਵੇ ਤਾਂ ਕੇਂਦਰੀ ਪ੍ਰਵਿਰਤੀ ਦੇ ਕਿਸ ਮਾਪ ਵਿੱਚ ਬਦਲਾਓ ਨਹੀਂ ਆਉਦਾਂ :

(a)ਬਹੁਲਕ (b) ਮੱਧਮਾਨ (c) ਮੱਧਿਕਾ (d) ਇਹਨਾਂ ਵਿੱਚੋਂ ਕੋਈ ਵੀ ਨਹੀਂ।

11.Which measures of central tendency does not get affected if the extreme observations on both the ends of a data arranged in descending order are removed?

(a) Mode (b) Mean (c)Median (d) None of these

12.ਦਿੱਤੇ ਗਏ ਅੰਕੜਿਆਂ 25,17, 28, 19,12, 13, 45, 34, 30, 37 ਲਈ "45-12" ਕੀ ਦਰਸਾਉਂਦਾ ਹੈ :

12.For given data 25,17, 28, 19,12, 13, 45, 34, 30, 37 what does "45-12" represent :

(a)ਬਹੁਲਕ (Mode) (b) ਮੱਧਮਾਨ (Mean)

(c) ਵਿਚਲਨ ਸੀਮਾ (Range) (d) ਮੱਧਿਕਾ (Median)

13.ਕਿਹੜਾ ਕੇਂਦਰੀ ਪ੍ਰਵਿਰਤੀ ਮਾਪ ਅੰਕੜਿਆਂ ਦੀ ਸੰਭਾਵਨਾ ਪਤਾ ਕਰਨ ਵਿੱਚ ਸਹਾਇਤਾ ਕਰਦਾ ਹੈ :

(a)ਬਹੁਲਕ (b) ਮੱਧਮਾਨ (c) ਮੱਧਿਕਾ (d) ਇਹਨਾਂ ਵਿੱਚੋਂ ਕੋਈ ਵੀ ਨਹੀਂ।

13.Which measures of central tendency does help us to find probability of the data :

(a) Mode (b) Mean

(c) Median (d) None of these
14.ਕਿਹੜਾ ਕੇਂਦਰੀ ਪ੍ਰਵਿਰਤੀ ਦਾ ਮਾਪ ਹਮੇਸ਼ਾ ਦਿੱਤੇ ਹੋਏ ਅੰਕੜਿਆਂ ਵਿੱਚੋਂ ਹੀ ਹੁੰਦਾ ਹੈ :
(a)ਬਹੁਲਕ (b) ਮੱਧਮਾਨ
(c) ਮੱਧਿਕਾ (d) ਇਹਨਾਂ ਵਿੱਚੋਂ ਕੋਈ ਵੀ ਨਹੀਂ।
14Which measure of central tendency is always exist in the given data :
(a) Mode (b) Mean
(c) Median (d) None of these
15.ਹੇਠ ਲਿਖਿਆਂ ਵਿਚੋਂ ਕਿਸਦਾ ਹੋਣਾ ਨਿਸ਼ਚਿਤ ਹੈ ?
(a)ਕਿਸੇ ਟੀਮ ਦਾ ਮੈਚ ਜਿੱਤਣਾ (b) ਇੱਕ ਪਾਸੇ ਨੂੰ ਸੁੱਟਣ ‘ਤੇ 7 ਆਵੇਗਾ ।
(c) ਕੱਲ੍ਹ ਮੀਂਹ ਪਵੇਗਾ |
(d) ਕ੍ਰਿਸਮਿਸ 25 ਦਸੰਬਰ ਨੂੰ ਹੋਵੇਗੀ।
15. Tell which from the following is certain to happen
(a)Winnig of the team.
(b)A die when tossed shall land up with 7on top.
(c) Tomorrow there will be rain.
(d) Christmas will fall on 25th December.
16. ਕੱਲ ਨੂੰ ਸੂਰਜ ਚੜ੍ਹੇਗਾ, ਇਸਦੀ ਕਿੰਨੀ ਸੰਭਾਵਨਾ ਹੈ?
(a)0 (b)1 (c)2 (d) ਇਹਨਾਂ ਵਿੱਚੋਂ ਕੋਈ ਵੀ ਨਹੀਂ
16 The sun will rise tomorrow. What is the probability of this ?
(a)0 (b) 1 (c) 2 (d) none of these
17.ਇੱਕ ਕ੍ਰਿਕਟ ਖਿਡਾਰੀ ਨੇ 6 ਪਾਰੀਆਂ ਵਿੱਚ ਹੇਠ ਲਿਖੀਆਂ ਦੌੜਾਂ ਬਣਾਈਆਂ | ਉਸਦੀਆਂ ਕਿੰਨੀਆਂ ਦੌੜਾਂ ਔਸਤ ਤੋਂ ਵੱਧ ਹਨ ?
17 A cricketer scores the following runs in six innings: 34, 52 ,40,8,102,76. How many runs are more than his average score?
18.ਤੁਹਾਡੀ ਜਮਾਤ ਦੇ 8 ਵਿਦਿਆਰਥੀਆਂ ਦੀ ਉਚਾਈਆਂ ਸੈਟੀਮੀਟਰਾਂ ਵਿੱਚ ਹੇਠ ਲਿਖੇ ਅਨੁਸਾਰ ਹਨ : 134,143, 128, 138,,126,145,135,141:
(a)ਅੰਕੜਿਆਂ ਦੀ ਵਿਚਲਨ ਸੀਮਾ ਪਤਾ ਕਰੋ।
(b)ਕਿੰਨੇ ਵਿਦਿਆਰਥੀਆਂ ਦੀ ਉਚਾਈ ਮੱਧਿਕਾ ਉਚਾਈ ਤੋਂ ਘੱਟ ਹੈ?
18.The heights of 8 students were measured in cms and the results are as follows:
(a)What is the range of the data?
(b)How many students have heights less than the median height?
19. 9 ਵਿਦਿਆਰਥੀਆਂ ਦਾ ਭਾਰ (ਕਿਲੋਗ੍ਰਾਮਾਂ ਵਿੱਚ) ਹੇਠ ਲਿਖੇ ਅਨੁਸਾਰ ਹਨ :ਕਿੰਨੇ ਵਿਦਿਆਰਥੀਆਂ ਦਾ ਭਾਰ ਮੱਧਮਾਨ ਦਾ ਭਾਰ ਤੋਂ ਵੱਧ ਹੈ ?
19. The following are weights (in kg) of 9 students . 32, 43, 40, 36, 47, 35, 38, 45, 42How many students have weights more than the mean weight?
20.ਜੇਕਰ ਕਿਸੇ ਸਪਿਨਰ ਜਿਸ ਉੱਪਰ ਤਿੰਨ ਰੰਗ ਹਨ(ਚਿੱਤਰ ਦੇਖੋ), ਨੂੰ ਘੁਮਇਆ ਜਾਵੇ ਤਾਂ ਕਿਸ ਰੰਗ ਦੀ ਤੀਰ ‘ਤੇ ਰੁਕਣ ਦੀ ਸੰਭਾਵਨਾ ਜ਼ਿਆਦਾ ਹੈ ਅਤੇ ਇਹ ਕਿੰਨੇ ਪ੍ਰਤੀਸ਼ਤ ਹੈ ?
20. When a spinner with three colours is rotated(see figure) ,which colour has more chances to show up with arrow than the others and what is percentage of this?

